D:\Bhatinda\General Letter S.E.BTA.doc

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ ।

ਸੇਵਾ ਵਿਖੇ

ਮੁੱਖ ਇੰਜੀਨੀਅਰ (ਦੱਖਣ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਬਠਿੰਡਾ।

ਨੰ:- ਪਵਸਸਬ-2019/ਵ-2/ 26010 ਮਿਤੀ:- 3-12-19

ਵਿਸ਼ਾ:- ਜਿਲ੍ਹਾ ਫਾਜਿਲਕਾ ਦੀ ਸਬ ਡਵੀਜ਼ਨ ਅਬੋਹਰ ਵਿਖੇ ਪੰਜਪੀਰ ਟਿੱਬੇ ਤੇ ਸੀਵਰੇਜ਼ ਬੋਰਡ ਨੂੰ ਜਗ੍ਹਾਂ ਦੇਣ ਬਾਰੇ।

ਆਪ ਨੂੰ ਸੁਪਡੈਂਟ-2(ਜ) ਦਫਤਰ ਡਿਪਟੀ ਕਮਿਸ਼ਨਰ, ਫਾਜਿਲਕਾ ਵਲੋਂ ਪ੍ਰਾਪਤ ਪੱਤਰ ਨੰ: 1114 ਮਿਤੀ 30.10.2019 ਦੀ ਨਕਲ ਭੇਜਦੇ ਹੋਏ ਲਿਖਿਆ ਜਾਦਾ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ/- ਉਕਤ ਅਨੁਸਾਰ

29/11/19
ਕਾਰਜਕਾਰੀ ਇੰਜੀਨੀਅਰ(ਕੰਮ)
ਵਾਸਤੇ ਇੰਜੀਨੀਅਰ-ਇਨ-ਚੀਫ
ਕਮ ਤਕਨੀਕੀ ਸਲਾਹਕਾਰ

# OFFICE OF THE DEPUTY COMMISSIONER, FAZILKA
## ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ
(ਲੋਕਲ ਫੰਡ ਸ਼ਾਖਾ)

ਸੇਵਾ ਵਿਖੇ,

ਮੁੱਖ ਕਾਰਜ਼ਕਾਰੀ ਅਫਸਰ,
ਪੰਜਾਬ ਵਕਫ ਬੋਰਡ, ਚੰਡੀਗੜ੍ਹ।

ਨੰਬਰ /ਐਲ.ਐਫ.ਸੀ/ਐਲ.ਐਫ.ਏ ਮਿਤੀ

ਵਿਸ਼ਾ:- ਜਿਲ੍ਹਾ ਫਾਜਿਲਕਾ ਦੀ ਸਬ ਡਵੀਜ਼ਨ ਅਬੋਹਰ ਵਿਖੇ ਪੰਜਪੀਰ ਟਿੱਬੇ ਤੇ ਸੀਵਰੇਜ਼ ਬੋਰਡ ਨੂੰ ਜਗ੍ਹਾਂ ਦੇਣ ਬਾਰੇ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: 618/ਐਲ.ਐਫ.ਏ ਮਿਤੀ 18.07.2019 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਬੇਨਤੀ ਕੀਤੀ ਗਈ ਸੀ ਕਿ ਵਿਸ਼ੇ ਸਬੰਧੀ 1.5 ਕਨਾਲ ਜਗ੍ਹਾਂ ਜਿਸ ਦੀ ਮਾਲਕੀ ਆਪ ਜੀ ਦੇ ਵਿਭਾਗ ਦੀ ਹੈ, ਨੂੰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਨਾਮ ਟਰਾਂਸਫਰ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਇਸ ਜਗ੍ਹਾਂ ਤੇ ਪਾਈਪ ਲਾਈਨ ਵਿਛਾਅ ਕੇ ਇਸ ਥਾਂ ਤੇ ਰਹਿ ਰਹੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸੁਵਿਧਾ ਮੁਹੱਇਆ ਕਰਵਾ ਕੇ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਪਾਲਣਾ ਕੀਤੀ ਜਾ ਸਕੇ ਪਰ ਆਪ ਜੀ ਦੇ ਵਿਭਾਗ ਵੱਲੋਂ ਉਕਤ ਵਿਸ਼ੇ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਕੋਈ ਰਿਪੋਰਟ ਇਸ ਦਫਤਰ ਵਿਖੇ ਪ੍ਰਾਪਤ ਨਾ ਹੋਈ ਹੈ। ਇਸ ਲਈ ਆਪ ਜੀ ਨੂੰ ਦੁਬਾਰਾ ਬੇਨਤੀ ਕੀਤੀ ਜਾਂਦੀ ਹੈ ਕਿ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲੋੜੀਂਦੀ ਕਾਰਵਾਈ ਕਰ ਕੇ ਇਸ ਦਫਤਰ ਸੂਚਿਤ ਕੀਤਾ ਜਾਵੇ ਜੀ।

ਸੁਪਰਡੈਂਟ-2(ਜ)
ਦਫਤਰ ਡਿਪਟੀ ਕਮਿਸ਼ਨਰ,
ਫਾਜਿਲਕਾ।

ਪਿੱਠ ਅੰਕਣ ਨੰ: 1114 /ਐਲ.ਐਫ.ਸੀ/ਐਲ.ਐਫ.ਏ ਮਿਤੀ 30/10/2019

ਇਸ ਦਾ ਇੱਕ ਉਤਾਰਾ ਮਾਨਯੋਗ ਡਾਇਰੈਕਟਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਜੀ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰ: 619/ਐਲ.ਐਫ.ਏ ਮਿਤੀ 18.07.2019 ਦੀ ਲਗਾਤਾਰਤਾ ਵਿੱਚ ਲੋੜੀਂਦੀ ਕਾਰਵਾਈ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ਜੀ।

ਸੁਪਰਡੈਂਟ-2(ਜ)
ਦਫਤਰ ਡਿਪਟੀ ਕਮਿਸ਼ਨਰ,
ਫਾਜਿਲਕਾ।